ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਧੰਨੁ ਸੇਵਕੁ ਸਫਲੁ ਓਹੁ ਆਇਆ



ਇਕ ਪ੍ਰੇਰਣਾ ਸ੍ਰੋਤ ਗੁਰਸਿੱਖ

ਸੰਤ ਲਛਮਣ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਸੰਤ ਲਛਮਣ ਸਿੰਘ ਜੀ

ਸੰਨ 1925-2013 ਈ:

ਸਿਮਰਨ, ਸੇਵਾ ਅਤੇ ਸਮਰਪਣ ਦੀ ਸਾਕਾਰ ਮੂਰਤਿ, ਇੱਕ ਕਰਮਯੋਗੀ ਗੁਰਸਿੱਖ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਜੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਵਾਜੇ ਸੰਤ ਲਛਮਣ ਸਿੰਘ ਜੀ ਦਾ ਜਨਮ ਪਿਤਾ ਸੰਤ ਨੰਦ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਗ੍ਰਹਿ ਵਿਖੇ 1925 ਈ: ਨੂੰ ਹੋਇਆ। ਇਨ੍ਹਾਂ ਦੇ ਨਗਰ ਪੱਦੀ ਖਾਲਸਾ ਸੰਤ ਕਰਮ ਸਿੰਘ ਜੀ ਹਿੰਮਤਪੁਰੇ ਵਾਲਿਆਂ ਦਾ ਬਹੁਤ ਆਉਣ ਜਾਣ ਸੀ। ਅਗੋਂ ਸੰਤਾਂ ਦਾ ਪਰਿਵਾਰ, ਪੱਦੀ ਖਾਲਸਾ, ਫਗਵਾੜੇ, ਲੁਧਿਆਣੇ ਆਦਿ ਸ਼ਹਿਰਾਂ 'ਚ ਫੈਲਿਆ ਹੋਇਆ ਹੈ।

ਸੰਤ ਲਛਮਣ ਸਿੰਘ ਜੀ ਨੂੰ ਬਚਪਨ ਵਿੱਚ ਹੀ ਐਸਾ ਵੈਰਾਗ ਹੋਇਆ ਕਿ 12 ਸਾਲ ਦੀ ਉਮਰ ਵਿੱਚ ਹੀ ਸੰਤ ਮੋਹਨ ਸਿੰਘ ਭਾਗੋਵਾਲ ਵਾਲਿਆਂ ਦੇ ਜਥੇ ਨਾਲ ਰਲ ਗਏ। ਸੱਤ ਸਾਲ ਸੰਤਾਂ ਦੇ ਜੱਥੇ ਨਾਲ ਰਹਿੰਦਿਆਂ, ਸ਼ਰਧਾ, ਪ੍ਰੇਮ-ਭਗਤੀ, ਸੇਵਾ, ਸਿਮਰਨ, ਸੰਤਾਂ ਸਹਿਜ ਸੁਭਾ ਹੀ ਬਣ ਗਿਆ। ਤਿਆਗ ਅਤੇ ਵੈਰਾਗ ਦੇ ਸੰਸਕਾਰ ਬਚਨ ਵਿੱਚ ਮਿਲੇ ਪੂਰਬਲੇ ਕਰਮਾਂ ਦਾ ਫਲ ਸੀ। ਫੇਰ ਸੰਤ ਮੋਹਨ ਸਿੰਘ ਜੀ ਕੁਝ ਹਉਮੈ ਵੱਸ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਮੁੱਖ ਮੋੜ ਬੈਠੇ। ਆਪ ਜੀ ਨੇ ਇਸ ਜੱਥੇ ਦਾ ਖਹਿੜਾ ਛੱਡਿਆ ਤੇ ਘਰ ਨਹੀਂ ਗਏ ਸਗੋਂ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਛੇ ਮਹੀਨੇ ਲੰਗਰ ਦਾ ਜਲ ਭਰਿਆ, ਇੱਕ ਵਰ੍ਹਾ ਪ੍ਰਸ਼ਾਦੇ ਪਕਾਏ।

'ਜਾਗਤ ਜੋਤਿ ਜਪੈ ਨਿਸ ਬਾਸੁਰ, ਏਕੁ ਬਿਨਾ ਮਨ ਨੈਕ ਨ ਆਨੈ'

ਗੁਰਵਾਕ ਅਨੁਸਾਰ ਆਪ ਜੀਵਨ ਭਰ, ਮਨ, ਬਚਨ, ਕਰਮ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਅਨਿੰਨ ਸੇਵਕ ਬਣੇ ਰਹੇ, ਕੇਵਲ ਸਤਿਗੁਰ ਦੇ। ਜਿਨ੍ਹਾਂ ਸੰਤ ਮੋਹਨ ਸਿੰਘ ਹੁਰਾਂ ਦੀ ਸੱਤ ਵਰ੍ਹੇ ਨਿਰਸੁਆਰਥ ਸੇਵਾ ਕੀਤੀ। ਜਦੋਂ ਸੰਤ ਜੀ ਸਤਿਗੁਰਾਂ ਤੋਂ ਪਰ੍ਹੇ ਹੋ ਗਏ ਫੇਰ ਆਪ ਨੇ ਕਦੇ ਵੀ ਸੰਤ ਮੋਹਨ ਸਿੰਘ ਹੁਰਾਂ ਵੱਲ ਵੇਖਿਆ ਤੱਕ ਨਹੀਂ। ਇੱਕ ਵੇਰ ਉਹਨਾਂ ਦੇ ਮੇਲੇ ਦਾ ਸੱਦਾ ਪੱਤਰ ਆਇਆ, ਆਪ ਨੇ ਫੜਿਆ ਤੱਕ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੂਰਨ ਸ਼ਰਧਾ ਸੀ। ਇਥੇ ਸ੍ਰੀ ਭੈਣੀ ਸਾਹਿਬ ਸੇਵਾ ਕਰਦਿਆਂ ਹੀ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ) ਨਾਲ ਕਾਫੀ ਨੇੜਤਾ ਹੋ ਗਈ। ਇਹ ਨੇੜਤਾ ਸ਼ਰਧਾ ਬਣਦੀ ਗਈ ਜੋ ਅਖੀਰ ਤੱਕ ਇੱਕ ਸੁਰ ਹੋ ਨਿਭੀ।

ਆਪ ਜੀ ਬੇਨਤੀ ਕਰਿਆ ਕਰਦੇ ਸਨ-ਮੇਰੇ ਤਿੰਨ ਸ਼ਾਗਿਰਦ ਹਨ - ਅਮਰ ਸਿੰਘ (ਲੰਬੜਦਾਰ ਜੀਵਨ ਨਗਰ), ਲਛਮਣ ਸਿੰਘ (ਫਗਵਾੜੇ ਵਾਲੇ) ਅਤੇ ਕਸ਼ਮੀਰਾ ਸਿੰਘ (ਜੀਵਨ ਨਗਰ) ਇਕ ਵੇਰ ਵੱਡੇ ਬਾਬਾ ਜੀ ਨਾਲ ਮੰਡੀ ਗਏ । ਜੀਪ ਦੀ ਸੀਟ ਤੇ ਐਨਕ ਪਈ ਸੀ - ਕਸ਼ਮੀਰਾ ਸਿੰਘ ਨੇ ਵੇਖੀ ਨਾ, ਸੀਟ ਤੇ ਬੈਠੇ-ਐਨਕ ਟੁੱਟ ਗਈ ਸੰਤ ਲਛਮਣ ਸਿੰਘ ਦੱਸਦੇ ਨੇ ਕਿ ਮੈਂ ਗੁੱਸੇ 'ਚ ਉੱਚਾ ਬੋਲ ਰਿਹਾ ਸਾਂ ਕਿ ਤੂੰ ਐਨਕ ਤੋੜ ਦਿੱਤੀ ਹੈ, ਏਨੇ ਨੂੰ ਵੱਡੇ ਬਾਬਾ ਜੀ ਆ ਗਏ, ਮੇਰੀ ਗਲ ਸੁਣ ਕੇ ਆਖਣ ਲੱਗੇ - 'ਜੇ ਤੇਰੇ ਤੋਂ ਟੁੱਟ ਜਾਂਦੀ ਫੇਰ ?' ਇਹ ਬਚਨ ਜੀਵਨ ਭਰ ਯਾਦ ਰਿਹਾ । ਕਿਸੇ ਤੋਂ ਕੋਈ ਨੁਕਸਾਨ ਹੋ ਜਾਣਾ ਤਾਂ ਇਹ ਬਚਨ ਯਾਦ ਆ ਜਾਣਾ ਕਿ ਜੇ ਮੇਰੇ ਤੋਂ ਹੋ ਜਾਂਦਾ ਫੇਰ ਵੀ ਤਾਂ ਜਰਨਾ ਹੀ ਸੀ ।

ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਇੱਕ ਟ੍ਰੈਕਟਰ ਸੀ - ਅਰਜ਼ ਕਰਕੇ ਲੈ ਲਿਆ - ਮੁਰੰਮਤ ਕਰਕੇ ਤਿਆਰ ਕਰਕੇ ਉਸ ਨਾਲ ਬਹੁਤ ਕੰਮ ਕੀਤਾ, ਕਮਾਈ ਕੀਤੀ ਏਥੋਂ ਸ਼ੁਰੂਆਤ ਹੋਈ ਗ੍ਰਿਸਤ - ਘਰ ਪ੍ਰਵਾਰ ਦੇ ਆਰੰਭ ਦੀ । ਸੱਚੇ ਪਾਤਸ਼ਾਹ ਜੀ ਦੀ ਰਜ਼ਾ ਅਨੁਸਾਰ ਨਾਮਧਾਰੀ ਪ੍ਰਵਾਰ ਵਿਚ ਬੀਬੀ ਨਿਰੰਜਨ ਕੌਰ ਨਾਲ ਅਨੰਦ ਕਾਰਜ ਹੋ ਗਿਆ । ਫੇਰ 'ਵਧੀ ਵੇਲ ਬਹੁ ਪੀੜ੍ਹੀ ਚਾਲੀ' - ਸੱਤ ਪੁੱਤ੍ਰ ਅਤੇ ਤਿੰਨ ਪੁਤ੍ਰੀਆਂ ਹੋਈਆਂ । ਅਖੀਰ ਤੱਕ ਆਪ ਦੇ ਪੁੱਤ੍ਰ ਪੋਤਰੇ - ਪੜਪੋਤਰੇ, ਧੀਆਂ, ਦੋਹਤਰੇ, ਦੋਹਤਰੀਆਂ ਅਤੇ ਅੱਗੋਂ ਉਨ੍ਹਾਂ ਦੇ ਬੱਚੇ : ਵੱਡੇ ਬਾਗ ਪ੍ਰਵਾਰ ਵਿੱਚ ਵਿਚਰਦੇ ਹੋਏ ਸੰਤ ਰਹੇ ਨਿਰਲੇਪ ਹੀ । ਪਹਿਲ ਗੁਰੂ ਕੇ ਹੁਕਮ ਨੂੰ, ਗੁਰੂ ਘਰ ਦੀ ਸੇਵਾ, ਫੇਰ ਘਰ-ਪ੍ਰਵਾਰ ।

ਸੰਤ ਲਛਮਣ ਸਿੰਘ ਜੀ ਨੂੰ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀਆਂ ਵੀ ਅਪਾਰ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਜਦੋਂ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਿਜੀ ਡਰਾਈਵਰ ਦੀ ਲੋੜ ਹੋਣੀ ਤਾਂ ਪਾਤਸ਼ਾਹ ਜੀ ਨੇ ਸੰਤਾਂ ਨੂੰ ਬੁਲਾ ਭੇਜਣਾ । ਇਕ ਵੇਰ ਸਤਿਗੁਰੂ ਜੀ ਦੁਆਬੇ ਦੌਰੇ ਜਾਣਾ ਸੀ - ਫਗਵਾੜੇ ਆਏ ਤਾਂ ਸੰਤਾਂ ਵੇਖਿਆ ਕਿ ਸਤਿਗੁਰੂ ਜੀ ਦੀ ਜੀਪ ਦੀ ਛੱਤ ਦਾ ਕਵਰ ਫਟਿਆ ਹੋਇਆ ਹੈ। ਉਸਦੇ ਉਪਰੋਂ ਹੀ ਇਕ ਹੋਰ ਹੁੱਡ (ਛੱਤ) ਤੇ ਫਿੱਟ ਕਰ ਦਿੱਤਾ । ਦੌਰਾ ਸ਼ੁਰੂ ਹੁੰਦਿਆਂ ਹੀ ਉਸੇ ਦਿਨ ਬਹੁਤ ਝੱਖੜ ਤੇ ਮੀਂਹ ਆਇਆ । ਅਟੱਲ ਪ੍ਰਤਾਪੀ ਜੀ ਸਿੱਖ ਨੂੰ ਵਡਿਆਉਂਦਿਆਂ ਫੁਰਮਾਇਆ - "ਅੱਜਤੇ ਲਛਮਣ ਸਿੰਘ ਥੰਮ ਤੋਂ ਪਰਗਟ ਹੋਣ ਵਾਂਗ ਬਹੁੜਿਆ ਹੈ ।" ਇਵੇਂ ਨਿਵਾਜਦੇ ਸਨ ਸੱਚੇਪਾਤਸ਼ਾਹ ਆਪਣੇ ਸਿੱਖਾਂ ਨੂੰ ।

Sri Satguru Jagjit Singh Ji Elibrary NamdhariElibrary@gmail.com





ਸੰਤ ਲਛਮਣ ਸਿੰਘ ਫਗਵਾੜਾ ਨਾਮਧਾਰੀ ਸਮਾਜ ਵਿੱਚ ਕਿਸੇ ਜਾਣ ਪਹਿਚਾਣ ਦੇ ਮੁਹਤਾਜ ਨਹੀਂ । ਗੁਰ ਸਿੱਖੀ ਪ੍ਰੰਪਰਾਵਾਂ ਦੀ ਪ੍ਰਤੱਖ ਮਿਸਾਲ ਜਿਨ੍ਹਾਂ ਦੇ ਰੋਮ ਰੋਮ ਵਿੱਚ ਆਪਣੇ ਸਤਿਗੁਰ ਦੇ ਚਰਨਾਂ ਨਾਲ ਇਸ਼ਕ ਵਰਗਾ ਪਿਆਰ ਸੀ । ਆਪਾ ਕੁਰਬਾਨ ਕਰਨ ਵਾਲਾ, ਘੋਲ ਘੁਮਾਉਣ ਵਰਗਾ, ਚੜ੍ਹਦੀ ਵਰੇਸੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਦਰ-ਏ-ਅਨਾਇਤ, ਭਜਨ-ਬੰਦਗੀ ਤੇ ਸਤਿਗੁਰ ਪਿਆਰ ਦੀ ਗੁੜਤੀ। ਫਿਰ ਸਤੋ ਗੁਣੀ ਨਾਮਧਾਰੀ ਪੰਥ ਦੇ ਸਾਧੂ, ਸੰਤ ਮੋਹਨ ਸਿੰਘ ਜੀ ਨੂੰ ਭਾਗੋਵਾਲ ਨਾਲ ਵਿਚਰਦਿਆਂ, ਸਤਿਗੁਰ ਪਿਆਰਿਆਂ ਦੇ ਬਚਨ, ਸਵਾਸ, ਸਵਾਸ ਸਿਮਰਨ, ਹੱਥੀ ਸੇਵਾ, ਹਰ ਪਲ, ਹਰ ਦਮ, ਅੱਠੋ ਪਹਿਰ ਸੰਤਾਂ ਦੀ ਸੇਵਾ ਵਿੱਚ ਹੱਥ ਬੰਨ ਤਿਆਰ ਬਰ ਤਿਆਰ, ਇੱਕ ਅਜਿਹੀ ਪਾਠਸ਼ਾਲਾ ਸੀ, ਜਿੱਥੇ ਗੁਰਸਿੱਖੀ ਦੇ ਪਾਠ ਨੂੰ ਅਮਲੀ ਤੌਰ ਤੇ ਜੀਵਨ ਦਾ ਹਿੱਸਾ ਬਣਾ ਲਿਆ ।

ਹੱਥੀਂ ਕਾਰੀਗਰੀ ਦੇ ਏਨੇ ਨਿਪੁੰਨ ਕੇ ਜੋ ਵੀ ਵੇਖ ਲਿਆ, ਸੁਣ ਲਿਆ, ਸਮਝ ਲਿਆ, ਵਿਚਾਰ ਲਿਆ ਤਿਆਰ ਕਰਕੇ ਹੀ ਸਾਹ ਲੈਣਾ। ਸੇਵਾ ਵਿੱਚ ਮਨ ਏਨਾ ਜੁੜਿਆ ਹੋਇਆ ਸੀ ਕਿ ਜਿਨ੍ਹਾਂ ਦਿਨਾਂ ਵਿੱਚ ਕਟਾਣੀ ਤੋਂ ਸ੍ਰੀ ਭੈਣੀ ਸਾਹਿਬ ਦਾ ਰਸਤਾ ਕੱਚਾ ਹੋਇਆ ਕਰਦਾ ਸੀ, ਸਲਾਨਾ ਮੇਲਿਆਂ ਤੋਂ ਪਹਿਲਾਂ ਹੀ ਟ੍ਰੈਕਟਰ ਭਿਜਵਾ ਕੇ ਸਾਰੇ ਰਾਹ, ਰਸਤੇ ਸਾਫ਼, ਪੱਧਰੇ ਅਤੇ ਇੱਕ ਸਾਰ ਕਰਨੇ । ਸਤਿਗੁਰੂ ਜੀ ਦੇ ਪਰਸਪਰ ਨਿਕਟਤਮ ਸਬੰਧਾਂ ਵਿੱਚ ਵਿਚਰਦਿਆਂ ਨਾਮ-ਬਾਣੀ ਇਸ਼ਨਾਨ ਨਾਲ ਇਵੇਂ ਇੱਕ ਸੁਰ ਹੋ ਗਏ ਸਨ ਕਿ ਪੱਕੇ ਗੁਰਸਿੱਖ ਨਿੱਤਨੇਮੀ ਦੀ ਸਾਕਾਰ ਮੂਰਤ ਸਨ । ਵੱਡੇ ਤੜਕੇ ਦਿਨ ਦੇ [illegible] ਕਿ ਕਹੇ ਵੀ

ਕਿਸੇ ਵੀ ਹਾਲਤ ਵਿੱਚ ਇਸ਼ਨਾਨ ਦਾ ਨਾਗਾ ਹੋਣ ਨਹੀਂ ਦਿੱਤਾ। ਦੇਸ਼ ਵਿਦੇਸ਼ ਵਿਚਰਦਿਆਂ ਕੋਈ ਵਸਤ ਕੋਈ ਚੀਜ਼ ਸੋਹਣੀ ਲੱਗੀ ਤਾਂ ਪਹਿਲਾਂ ਉਹ ਸਤਿਗੁਰੂ ਜੀ ਦੀ ਸੇਵਾ ਵਿੱਚ ਭੇਟ ਕਰਨ ਲਈ ਖ਼੍ਰੀਦਣਾ, ਇਕ ਵਾਰ ਇੰਗਲੈਂਡ ਤੋਂ ਉਚੇਚਿਆਂ ਇਕ ਮੋਟਰ ਬੋਟ ਸਤਿਗੁਰੂ ਜੀ ਵਾਸਤੇ ਲਿਆ ਕੇ ਭੇਂਟ ਕੀਤੀ ਤੇ ਸਤਿਗੁਰਾਂ ਦਾ ਵੀ ਆਪਣੇ ਸਿੱਖ ਨਾਲ ਏਨਾ ਪਿਆਰ ਸੀ ਕਿ ਸ੍ਰੀ ਭੈਣੀ ਸਾਹਿਬ ਜੀ ਤੋਂ ਜਲੰਧਰ, ਅੰਮ੍ਰਿਤਸਰ, ਜੰਮੂ, ਨਵਾਂ ਸ਼ਹਿਰ ਜਾਂ ਕਦੀ ਸ੍ਰੀ ਜੀਵਨ ਨਗਰ ਵੀ ਜਾਣਾ ਹੋਵੇ ਫੇਰ ਵੀ ਫਗਵਾੜੇ ਹੋ ਕੇ ਸੰਤ ਲਛਮਣ ਸਿੰਘ ਜੀ ਦੀ ਕੋਠੀ ਜਰੂਰ ਦਰਸ਼ਨ ਦੇਣਾ।

ਹੁਕਮ ਹੋਇਆ ਜੀਵਨ ਨਗਰ ਜਮੀਨ ਖ਼੍ਰੀਦਣ ਦਾ-ਪੰਜ ਏਕੜ ਜਮੀਨ ਖਰੀਦ ਲਈ। ਅੰਗੂਰਾਂ ਦੇ ਬਾਗ਼ ਲਾਉਣ ਦਾ ਫੁਰਨਾ ਆਇਆ ਤਾਂ ਸੰਤ ਲਛਮਣ ਜੀ ਦੇ ਪੰਜ ਏਕੜਾਂ 'ਚ ਆਪ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੜਿਆਂ ਹੋ ਕੇ ਬਾਗ ਲਵਾ ਦਿਤਾ।

ਪਾਤਸ਼ਾਹ ਜੀ ਵਿਦੇਸ਼ਾਂ ਵਿੱਚ ਵਿਚਰਦਿਆਂ ਕੋਈ ਤਕਨੀਕ ਸਬੀਲ ਮਨ ਵਿੱਚ ਆਉਣੀ ਤਾਂ ਸੰਤ ਲਛਮਣ ਸਿੰਘ ਜੀ ਨੂੰ ਹੁਕਮ ਕਰਨਾ, ਵੇਖ ਕੇ ਆਓ ਤੇ ਬਣਾਓ। ਸ੍ਰੀ ਭੈਣੀ ਸਾਹਿਬ ਸ਼ਮਸ਼ਾਨ ਘਾਟ ਅਤੇ ਹੋਰ ਥਾਵਾਂ ਤੇ ਬਣੀਆਂ ਭੱਠੀਆਂ ਅਜਿਹੀ ਸੋਚ ਦਾ ਹੀ ਨਤੀਜਾ ਹੈ।

ਹੁਕਮ ਹੋਇਆ ਅਨੰਦ ਕਾਰਜਾਂ ਵਿੱਚ ਹਵਨ ਕਰਦਿਆਂ ਹਰੀ ਮੰਦਰ ਵਿੱਚ ਧੂੰਆਂ ਨਾ ਹੋਵੇ ਕੁਝ ਸੋਚੋ। ਹੁਕਮ ਦੀ ਦੇਰ ਸੀ ਕਿ ਸਭੋ ਕੁਝ ਸਾਕਾਰ ਹੋਣ ਲੱਗਾ। ਇੱਕ ਵੱਡੀ ਕੀਪ ਨੁਮਾ ਚਿਮਨੀ ਜੋ ਹਵਨ ਕਰਨ ਵਕਤ ਪ੍ਰਜਵਲਿਤ ਅਗਨੀ ਦੇ ਉਪਰ ਹੁੰਦੀ ਤੇ ਹਵਨ ਕਰਨ ਉਪਰੰਤ ਆਪਣੇ ਆਪ ਉਪਰ ਛੱਤ ਦੇ ਨਾਲ ਜਾ ਲੱਗਦੀ ਤੇ ਹਰਿ ਮੰਦਰ ਦਾ ਚੋਗਾਨ ਖਾਲੀ ਦਾ ਖਾਲੀ।

ਇੱਕ ਬੜਾ ਪੁਰਾਣਾ ਵਾਕਿਆ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇੱਕ ਦੰਦ ਜਿਸ ਤੇ ਖੋਲ ਚੜਾਉਣ ਦੀ ਲੋੜ ਮਹਿਸੂਸ ਕੀਤੀ। ਪਾਤਸ਼ਾਹ ਜੀ ਨੇ ਸਟੀਲ ਤੋਂ ਬਿਨਾਂ ਕਿਸੇ ਹੋਰ ਧਾਤੂ ਦਾ ਖੋਲ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ। ਸੰਤ ਲਛਮਣ ਸਿੰਘ ਹੁਰਾਂ ਨੇ ਸਟੀਲ ਦਾ ਖੋਲ ਬਣਾ ਕੇ ਭੇਟ ਕਰ ਦਿੱਤਾ।

ਸਤਿਗੁਰੂ ਜੀ ਦੀ ਕਿਰਪਾ ਨਾਲ ਦੁਆਬੇ ਵਿੱਚ ਸੰਤ ਲਛਮਣ ਸਿੰਘ ਜੀ ਉਹ ਵਿਅਕਤੀ ਸਨ ਜਿਨ੍ਹਾਂ ਸਭ ਤੋਂ ਪਹਿਲਾਂ ਵਿਦੇਸ਼ੀ ਮੋਟਰਸਾਈਕਲ ਤੇ ਵਿਦੇਸ਼ੀ ਕਾਰਾਂ ਰੱਖੀਆਂ। ਫਕੀਰਾਂ ਵਾਲੀ ਜ਼ਿੰਦਗੀ ਜਿਊਂਦਿਆਂ ਬਾਦਸ਼ਾਹੀ ਠਾਠ ਭੋਗਿਆ। ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸੀ। ਸਤਿਗੁਰੂ ਜੀ ਅਕਸਰ ਬਚਨ ਕਰਿਆ ਕਰਦੇ ਸਨ ਕਿ ਸੰਤ ਲਛਮਣ ਸਿੰਘ ਜੀ ਹੋਰ ਚੀਜ਼ਾਂ ਤਾਂ ਬਹੁਤ ਸੋਹਣੀਆਂ ਖਰੀਦਦੇ ਹਨ ਜੇ ਫਲ ਵੀ ਖਰੀਦਣੇ ਹੋਣ ਤਾਂ ਉਹਦੀ ਜਾਚ ਵੀ ਸੰਤਾਂ ਤੋਂ ਸਿੱਖੋ।


[illegible] ਵਰਕਸ਼ਾਪ ਨੂੰ ਤਾਲਾ

ਲਗਾ ਕੇ ਹਜ਼ੂਰੀ ਵਿੱਚ ਪਹੁੰਚ ਜਾਣਾ । ਫਿਰ ਦੋ ਦਿਨ ਲੱਗ ਜਾਣ ਜਾਂ ਹਫਤਾ ਦੋ ਹਫਤੇ, ਪਿੱਛੇ ਦੀ ਝਾਕ ਨਹੀਂ ਰੱਖਣੀ । ਜਦੋਂ ਵਾਪਸ ਜਾਣਾ ਤੇ ਕੰਮ ਇਵੇਂ ਆਉਣਾ ਸੇਵਾ ਵਿੱਚ ਗੁਜ਼ਾਰੇ ਦਿਨਾਂ ਦਾ ਫਲ ਮੇਵਾ ਬਣ ਕੇ ਵਰਸਨਾਂ।


ਪ੍ਰਤਾਪ ਮੰਦਿਰ ਦੀ ਉਸਾਰੀ ਲਈ ਭਾਰੀ ਕੈਂਚੀਆਂ ਦਾ ਡਿਜ਼ਾਈਨ ਸ. ਗੁਰਚੈਨ ਸਿੰਘ ਫਲੌਰਾ ਨੇ ਤਿਆਰ ਕੀਤਾ । ਹੁਣ ਮੁਸ਼ਕਿਲ ਸੀ ਉਹਨਾਂ ਨੂੰ ਤਿਆਰ ਕਰਨਾ ਅਤੇ ਖੜਿਆਂ ਕਰਨਾ । ਸੰਤ ਲਛਮਣ ਸਿੰਘ ਹੁਰਾਂ ਆਪਣੇ ਹਮਉਮਰ ਸਾਥੀਆਂ ਨਾਲ ਅਜਿਹੀ ਸਬੀਲ ਤਿਆਰ ਕੀਤੀ ਕਿ ਏਨੀ ਭਾਰੀ ਭਰਕਮ ਕੈਂਚੀਆਂ ਵਾਸਤੇ ਸਟੀਲ ਦੇ ਗਾਡਰ, ਐਂਗਲ, ਚੈਨਲ ਕੱਟਦਿਆਂ, ਜੋੜਦਿਆਂ, ਚੜਾਉਂਦਿਆਂ ਕਿਸੇ ਦੇ ਝਰੀਟ ਤੱਕ ਵੀ ਨਹੀਂ ਆਈ । ਇੱਕ ਪੁਰਾਣੀ ਬੇਕਾਰ, ਕੁਆੜ ਵਿੱਚ ਸੁਟੀ ਜੌਂਗਾ ਜੀਪ ਦਾ ਇੰਜਣ ਕੱਢ ਕੇ ਤੇ ਕੈਂਚੀਆਂ ਚੜ੍ਹਾਉਣ ਲਈ ਕਰੇਨ ਤਿਆਰ ਕਰ ਲਈ । ਹਰੀ ਮੰਦਰ ਦੀ ਛੱਤ ਸਰਕੜੇ ਦੀ ਹੋਇਆ ਕਰਦੀ ਸੀ, ਮਨ ਵਿੱਚ ਵਿਚਾਰ ਆਇਆ ਕਿਉਂ ਨਾ ਸੀਮੇਂਟ ਦੀਆਂ ਸ਼ੀਟਾਂ ਪਾ ਕੇ ਅੰਦਰ ਸੀਲਿੰਗ ਕਰਾ ਦਿੱਤੀ ਜਾਵੇ। ਪਾਤਸ਼ਾਹ ਜੀ ਕੋਲ ਅਰਜ਼ ਕੀਤੀ ਪ੍ਰਵਾਨ ਹੋਈ ਤੇ ਦਿਨਾਂ ਵਿੱਚ ਹੀ ਹਰੀ ਮੰਦਿਰ ਨਵੇਂ ਰੂਪ ਵਿੱਚ ਸੋਭਾ ਵਧਾਉਣ ਲੱਗਾ।

ਪੂਰਾ ਜੀਵਨ ਗੁਰੂ ਹੁਕਮ ਵਿੱਚ ਇੱਕ-ਸੁਰ ਹੋ ਗੁਜਾਰਨ ਵਾਲੇ ਸੰਤ ਲਛਮਣ ਸਿੰਘ ਜੀ ਦੇ ਇਹ ਗੁਰਵਾਕ ਪੂਰੀ ਤਰ੍ਹਾਂ ਢੁੱਕਦਾ ਹੈ -

'ਧੰਨੁ ਸੇਵਕੁ ਸਫਲੁ ਓਹੁ ਆਇਆ, ਜਨੁ ਨਾਨਕ ਖਸਮੁ ਪਛਾਤਾ ।'




ਵਿਦੇਸ਼ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਲਛਮਣ ਸਿੰਘ ਜੀ



ਕੇਨੀਆ ਦੇ ਦੌਰੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੰਤ ਲਛਮਣ ਸਿੰਘ ਜੀ



ਸੰਤ ਮੋਹਨ ਸਿੰਘ ਭਾਗੋਵਾਲ ਦੇ ਜਥੇ ਨਾਲ ਪਿੱਛੇ ਵਿਚਕਾਰ ਖੜ੍ਹੇ ਸੰਤ ਲਛਮਣ ਸਿੰਘ ਜੀ



ਸ਼ਹੀਦੀ ਮੇਲੇ ਦੀ ਸੇਵਾ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸੰਤ ਲਛਮਣ ਸਿੰਘ ਪਰਿਵਾਰ ਸਮੇਤ



ਸੰਤ ਲਛਮਣ ਸਿੰਘ ਜੀ ਵੱਡੇ ਬਾਗ ਪਰਿਵਾਰ ਨਾਲ

Sri Satguru Jagjit Singh Ji Elibrary NamdhariElibrary@gmail.com